

## ਜ਼ਿਲ੍ਹਾ ਸਿੱਖਿਆ ਅ.ਫਸਰ (ਸੈਕੰਡਰੀ)

ਸਿੱਖਿਆ ਦੇ ਖੇਤਰ ਵਿਚ ਹੁਸ਼ਿਆਰਪੁਰ ਜ਼ਿਲ੍ਹਾ ਹਮੇਸ਼ਾ ਸਾਰੇ ਦੇਸ਼ ਵਿਚ ਮੋਢੀ ਰਿਹਾ ਹੈ। ਭਾਰਤ ਦੀ ਵੰਡ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਸ਼ਿਫ਼ਟ ਹੋ ਕੇ ਹੁਸ਼ਿਆਰਪੁਰ ਵਿਖੇ ਆਈ ਸੀ।

ਸਕੂਲ ਸਿੱਖਿਆ (ਸੈਕੰਡਰੀ) ਦਾ ਪ੍ਰਬੰਧ ਜ਼ਿਲਾ ਸਿੱਖਿਆ ਅਫਸਰ (ਸੈ.ਸਿੱ.) ਵਲੋਂ ਕੀਤਾ ਜਾਂਦਾ ਹੈ। ਉਨ੍ਹਾਂ ਦੀ ਸਹਾਇਤਾ ਲਈ 2 ਉਪ ਜ਼ਿਲ੍ਹਾ ਸਿੱਖਿਆ ਅਫ਼ਸਰ, ਇਕ ਸਾਇੰਸ ਸੁਪਰਵਾਈਜ਼ਰ ਅਤੇ ਹੋਰ ਦਫ਼ਤਰੀ ਅਮਲਾ ਹੈ। ਇਸ ਤੋਂ ਇਲਾਵਾ ਸਹਾਇਕ ਗਾਈਡੈਂਸ ਕੌਂਸਲਰ ਵੀ ਹਨ। ਇਨ੍ਹਾਂ ਦਾ ਉਦੇਸ਼ ਵਿਦਿਆਰਥੀਆਂ ਦਾ ਸਰਵ ਪੱਖੀ ਵਿਕਾਸ ਕਰਨ ਉਪਰੰਤ ਚੰਗੀ ਸਿੱਖਿਆ ਪ੍ਰਦਾਨ ਕਰਕੇ ਚੰਗੇ ਸ਼ਹਿਰੀ ਬਣਾਉਣਾ ਅਤੇ ਆਤਮ ਨਿਰਭਰ ਬਣਾਉਣਾ ਹੈ। ਇਸ ਸਮੇਂ ਵਿਚ 99 ਸੀਨੀਅਰ ਸੈਕੰਡਰੀ ਸਕੂਲ, 136 ਹਾਈ ਸਕੂਲ ਅਤੇ 178 ਐਲੀਮੈਂਟਰੀ ਸਕੂਲ ਹਨ, ਜਿਨ੍ਹਾਂ ਦਾ ਪ੍ਰਬੰਧ ਪ੍ਰਿੰਸੀਪਲ/ਹੈਡਮਾਸਟਰ/ਸੀਨੀਅਰ ਮਾਸਟਰ ਵਲੋਂ ਕੀਤਾ ਜਾਂਦਾ ਹੈ। ਸਾਰੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ 10+2 ਤੱਕ ਆਰਟਸ ਗਰੁੱਪ ਦੀ ਪੜ੍ਹਾਈ ਦਾ ਪ੍ਰਬੰਧ ਅਤੇ ਇਸ ਤੋਂ ਇਲਾਵਾ ਕੁਝ ਚੁਣੇ ਹੋਏ ਸਕੂਲਾਂ ਵਿਚ ਸਾਇੰਸ ਗਰੁੱਪ (ਮੈਡੀਕਲ/ਨਾਨ ਮੈਡੀਕਲ) ਕਾਮਰਸ ਗਰੁੱਪ ਅਤੇ ਵੋਕੇਸ਼ਨਲ ਗਰੁੱਪਾਂ ਦੀ ਪੜ੍ਹਾਈ ਦੀ ਵਿਵਸਥਾ ਹੈ। 40 ਸਰਕਾਰੀ ਮਾਨਤਾ ਪ੍ਰਾਪਤ ਅਤੇ 8 ਗੈਰ ਮਾਨਤਾ ਪ੍ਰਾਪਤ ਸਕੂਲ ਹਨ।

ਇਸ ਸਮੇਂ ਜ਼ਿਲ੍ਹੇ ਵਿਚ ਮਨਜ਼ੂਰਸ਼ੁਦਾ ਅਸਾਮੀਆਂ ਅਧੀਨ ਪ੍ਰਿੰਸੀਪਲ 99, ਮੁੱਖ ਅਧਿਆਪਕ 136, ਲੈਕਚਰਾਰ 589, ਮਾਸਟਰ 3313 ਸੀ ਅਤੇ ਬੀ ਅਧਿਆਪਕ 629, ਦਫਤਰੀ ਅਮਲਾ 253 ਅਤੇ ਦਰਜ਼ਾ ਚਾਰ ਦੀਆਂ 969 ਅਸਾਮੀਆਂ ਮੰਜ਼ੂਰ ਹਨ।

**ਵਿੱਦਿਅਕ ਗੁਣਵੱਤਾ**

ਵਿੱਦਿਆ ਦਾ ਪੱਧਰ ਉਦੇਰਾ ਚੁੱਕਣ ਲਈ ਸਾਰੇ ਸਾਲ ਦੀ ਪੜ੍ਹਾਈ ਨੂੰ ਸਮਾਂ ਬੱਧ ਕੀਤਾ ਗਿਆ ਹੈ। ਇਸ ਲਈ ਇਕ ਸਲਾਨਾ ਕਲੰਡਰ ਜਾਰੀ ਕੀਤਾ ਗਿਆ ਹੈ। ਸਮੇਂ-ਸਮੇਂ ਤੇ ਸਕੂਲਾਂ ਦੇ ਅਚਨਚੇਤ ਅਤੇ ਸਲਾਨਾ ਨਿਰੀਖਣ ਕੀਤੇ ਜਾਂਦੇ ਹਨ, ਜਿੱਥੇ ਪੜ੍ਹਾਈ ਦੇ ਮਿਆਰ ਨੂੰ ਚੈਕ ਕਰਨ ਉਪਰੰਤ ਲੋੜੀਂਦੇ ਸੁਝਾਉ ਦਿੱਤੇ ਜਾਂਦੇ ਹਨ। ਤਹਿਸੀਲ ਪੱਧਰ ਤੇ ਹਰ ਮਹੀਨੇ ਕੀਤੀ ਜਾਣ ਵਾਲੀ ਮਾਸਿਕ ਮੀਟਿੰਗ ਵਿਚ ਇਸ ਸਬੰਧੀ ਲੋੜੀਂਦੇ ਸੁਝਾਉ ਦਿੱਤੇ ਜਾਂਦੇ ਹਨ। ਅਧਿਆਪਕਾਂ ਦੇ ਵਿਦਿਅਕ ਮਿਆਰ ਨੂੰ ਉਚੇਰਾ ਚੁੱਕਣ ਲਈ ਸਮੇਂ-ਸਮੇਂ ਤੇ ਸੈਮੀਨਾਰ ਲਗਾਏ ਜਾਂਦੇ ਹਨ, ਜਿਸ ਵਿਚ ਵਿਦਿਆ ਦੇ ਖੇਤਰ ਵਿਚ ਹੋਣ ਵਾਲੀਆਂ ਤਬਦੀਲੀਆਂ ਸਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ। ਵਿਦਿਆਰਥੀਆਂ ਦੇ ਮੁੱਲ ਅੰਕਣ ਲਈ ਪ੍ਰੀਖਿਆਵਾਂ ਲੈਣ ਉਪਰੰਤ ਉਸ ਦੀ ਸੂਚਨਾ ਮਾਪੇ ਅਧਿਆਪਕ ਮਿਲਣੀ ਵਿਚ ਵੀ ਦਿੱਤੀ ਜਾਂਦੀ ਹੈ।

**ਵਿੱਦਿਅਕ ਮੁਕਾਬਲੇ**

ਵਿਦਿਆਰਥੀਆਂ ਦੇ ਸਰਵ ਪੱਖੀ ਵਿਕਾਸ ਲਈ ਤਹਿਸੀਲ ਅਤੇ ਜ਼ਿਲ੍ਹਾ ਪੱਧਰ ਤੇ ਵੱਖ-ਵੱਖ ਸੱਭਿਆਚਾਰਕ ਕਿਰਿਆਵਾਂ ਦੇ ਮੁਕਾਬਲੇ ਕਰਵਾਏ ਜਾਂਦੇ ਹਨ, ਜਿਸ ਵਿਚ ਬੱਚੇ ਆਪਣੇ ਗੁਣਾਂ ਦਾ ਪ੍ਰਗਟਾਵਾ ਕਰਦੇ ਹੋਏ ਹੀਨ ਭਾਵਨਾ ਦਾ ਸ਼ਿਕਾਰ ਹੋਣ ਤੋਂ ਬੱਚ ਜਾਂਦੇ ਹਨ। ਇਸ ਤੋਂ ਇਲਾਵਾ ਸਕੂਲ, ਤਹਿਸੀਲ ਅਤੇ ਜ਼ਿਲ੍ਹਾ ਪੱਧਰ ਤੇ ਵੱਖ-ਵੱਖ ਦਿਨਾਂ ਤੇ ਸਮਾਰੋਹਾਂ ਦਾ ਆਯੋਜਨ ਕੀਤਾ ਜਾਂਦਾ ਹੈ।

**ਸਾਇੰਸ ਕਿਰਿਆਵਾਂ**

ਅੱਜ ਦੇ ਵਿਗਿਆਨ ਅਤੇ ਟੈਕਨੋਲੋਜੀ ਦੇ ਯੁੱਗ ਵਿਚ ਵਿਦਿਆਰਥੀਆਂ ਲਈ ਵਿਗਿਆਨਿਕ ਸੋਚ ਦਾ

ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਸਮੇਂ-ਸਮੇਂ ਤੇ ਸਾਇੰਸ ਮੇਲਿਆਂ ਦਾ ਆਯੋਜਨ ਤਹਿਸੀਲ ਅਤੇ ਜ਼ਿਲ੍ਹਾ ਪੱਧਰ ਤੇ ਕੀਤਾ ਜਾਂਦਾ ਹੈ, ਜਿਸ ਵਿਚ ਵਿਦਿਆਰਥੀਆਂ ਵਲੋਂ ਬਣਾਏ ਗਏ ਮਾਡਲ ਚਾਰਟ ਅਤੇ ਸਾਇੰਸ ਦੀਆਂ ਨਵੀਆਂ ਕਾਢਾਂ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਵਿਦਿਆਰਥੀਆਂ ਵਿਚ ਕੁਵਿਜ਼, ਚਾਰਟ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਸਾਲ ਵਿਗਿਆਨਕ ਹੋਣ ਕਰਕੇ ਇਹ ਆਯੋਜਨ ਵਿਸ਼ੇਸ਼ ਰੂਪ ਵਿਚ ਕਰਵਾਏ ਜਾ ਰਹੇ ਹਨ। ਜਿਸ ਵਿਚ ਸਾਇੰਸ ਕਾਂਗਰਸ ਲੈਕਚਰ ਕਮ ਡਿਮਾਂਸਟਰੇਸ਼ਨ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਵਾਤਾਵਰਣ ਦੀ ਸੌਝੀ ਲਈ ਜ਼ਿਲ੍ਹੇ ਦੇ ਸਕੂਲਾਂ ਵਿਚ ਈਕੋ ਕਲੱਬ ਹਨ ਅਤੇ ਇਸ ਤੋਂ ਇਲਾਵਾ ਸਾਇੰਸ ਸਬੰਧੀ ਪ੍ਰੋਜੈਕਟ ਵੀ ਦਿੱਤੇ ਗਏ ਹਨ। ਗਰੀਨਿੰਗ ਸਕੀਮ ਅਧੀਨ ਜ਼ਿਲ੍ਹੇ ਦੇ ਸਕੂਲਾਂ ਵਿਚੋਂ ਕੁਝ ਸਕੂਲ ਚੁਣੇ ਗਏ ਹਨ।

**ਖੇਡਾਂ**

ਬੱਚਿਆਂ ਦੇ ਸਰੀਰਕ ਵਿਕਾਸ ਲਈ ਸਕੂਲ ਪੱਧਰ ਤੋਂ ਜ਼ਿਲ੍ਹਾ ਪੱਧਰ ਤੱਕ ਵੱਖ-ਵੱਖ ਖੇਡਾਂ ਦਾ ਆਯੋਜਨ ਕੀਤਾ ਜਾਂਦਾ ਹੈ। ਰਾਜ ਪੱਧਰ ਅਤੇ ਕੌਮੀ ਪੱਧਰ ਤੇ ਖਿਡਾਰੀਆਂ ਦੀ ਤਿਆਰੀ ਲਈ ਕੋਚਿੰਗ ਕੈਂਪ ਲਗਾਏ ਜਾਂਦੇ ਹਨ ਅਤੇ ਜੇਤੂ ਖਿਡਾਰੀਆਂ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ। ਇਹ ਸੰਚਾਲਨ ਜ਼ਿਲ੍ਹਾ ਪੱਧਰ ਤੇ ਸਮੂਹ ਮੁੱਖੀਆਂ ਦੀ ਚੁਣੀ ਗਈ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਵਲੋਂ ਕੀਤਾ ਜਾਂਦਾ ਹੈ। ਜ਼ਿਲ੍ਹਾ ਪੱਧਰ ਤੇ ਏ.ਈ.ਓ. ਇਸ ਸਾਰੇ ਪ੍ਰਬੰਧ ਲਈ ਸਹਿਯੋਗ ਦਿੰਦੇ ਹਨ।

**ਗਾਈਡੈਂਸ ਕੌਂਸਲਿੰਗ ਸੇਵਾਵਾਂ**

ਵਿਦਿਆਰਥੀਆਂ ਦੀ ਯੋਗ ਵਿਦਿਅਕ ਕਿੱਤਾ ਅਤੇ ਨਿੱਜੀ ਅਗਵਾਈ ਲਈ ਸੈਕੰਡਰੀ ਸਕੂਲਾਂ ਵਿਚ ਕੈਰੀਅਰ ਮਾਸਟਰ ਵਲੋਂ ਗਾਈਡੈਂਸ ਸੇਵਾਵਾਂ ਦਾ ਸੰਚਾਲਨ ਕੀਤਾ ਜਾਂਦਾ ਹੈ। ਜਿਸ ਵਿਚ ਉਨ੍ਹਾਂ ਨੂੰ ਕਿੱਤਿਆਂ ਸਬੰਧੀ ਜਾਣਕਾਰੀ ਦਾਖਲੇ ਸਬੰਧੀ ਸੂਚਨਾ ਤੋਂ ਇਲਾਵਾ ਵਿੱਦਿਅਕ ਅਗਵਾਈ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਵਿਦਿਆਰਥੀ ਦੀ ਰੁਚੀ ਅਤੇ ਰੁਝਾਨ ਨੂੰ ਪਰਖਣ ਲਈ ਮਨੋਵਿਗਿਆਨਿਕ ਟੈਸਟ ਵੀ ਲਏ ਜਾਂਦੇ ਹਨ। ਇਨ੍ਹਾਂ ਸੇਵਾਵਾਂ ਦੀ ਦੇਖ-ਰੇਖ ਜ਼ਿਲ੍ਹਾ ਸਹਾਇਕ ਗਾਈਡੈਂਸ ਕੌਂਸਲ ਵਲੋਂ ਕੀਤੀ ਜਾਂਦੀ ਹੈ।

| ਲੜੀ ਨੰ. | ਸਕੂਲ ਦਾ ਨਾਮ | ਗਿਣਤੀ |
|---|---|---|
| 1. | ਸਰਕਾਰੀ ਮਿਡਲ ਸਕੂਲ | 179 |
| 2. | ਸਰਕਾਰੀ ਹਾਈ ਸਕੂਲ | 136 |
| 3. | ਸਰਕਾਰੀ ਸੀ. ਸੈਕੰਡਰੀ ਸਕੂਲ | 99 |
| 4. | ਏਡਿਡ ਮਿਡਲ ਸਕੂਲ | 03 |
| 5. | ਏਡਿਡ ਹਾਈ ਸਕੂਲ | 25 |
| 6. | ਏਡਿਡ ਸੀ. ਸੈਕੰਡਰੀ ਸਕੂਲ | 12 |

ਜ਼ਿਲ੍ਹਾ ਹੁਸ਼ਿਆਰਪੁਰ ਦੇ 120 ਸਰਕਾਰੀ ਸਕੂਲਾਂ ਵਿਚ ਕੰਪਿਊਟਰ ਸਿੱਖਿਆ ਪ੍ਰੋਗਰਾਮ ਅਧੀਨ ਵਿਭਾਗ ਵਲੋਂ ਕੰਪਿਊਟਰ ਸਿੱਖਿਆ ਸ਼ੁਰੂ ਕੀਤੀ ਜਾ ਰਹੀ ਹੈ।

**ਸਕੀਮਾਂ**

1. ਸਪੈਸ਼ਲ ਗ੍ਰਾਂਟ ਫਾਰ ਐਸ.ਸੀ. ਲੜਕੀਆਂ +1 ਅਤੇ +2 ਨੂੰ 50 ਰੁਪਏ ਪ੍ਰਤੀ ਮਹੀਨਾ ਵਜ਼ੀਫਾ ਦਿੱਤਾ ਜਾਂਦਾ ਹੈ, ਜਿਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਦੀ ਸਲਾਨਾ ਆਮਦਨ 24000/- ਰੁ. ਹੈ।

2. ਐਸ. ਸੀ. ਬ੍ਰਿਲੀਐਂਟ ਸਟੂਡੈਂਟ ਜਿਨ੍ਹਾਂ ਨੇ 5-8 ਅਤੇ 10 ਪ੍ਰੀਖਿਆਵਾਂ ਵਿਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਬਲਾਕ ਪੱਧਰ ਤੇ ਪ੍ਰਾਪਤ ਕੀਤਾ ਹੈ, ਉਨ੍ਹਾਂ ਵਿਦਿਆਰਥੀਆਂ ਨੂੰ 100 ਰੁਪਏ ਪ੍ਰਤੀ ਮਹੀਨਾ ਵਜ਼ੀਫਾ ਦਿੱਤਾ ਜਾਂਦਾ ਹੈ।

3. ਗਰੀਬ ਹੁਸ਼ਿਆਰ ਵਿਦਿਆਰਥੀਆਂ ਜਿਨ੍ਹਾਂ ਦੇ ਮਾਪਿਆਂ ਦੀ ਆਮਦਨ 6000 ਸਲਾਨਾ ਤੋਂ ਘੱਟ ਹੈ ਅਤੇ ਜਿਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਦੀ ਆਮਦਨ 9000 ਰੁ. ਤੋਂ ਘੱਟ ਹੈ, ਉਨ੍ਹਾਂ ਵਿਦਿਆਰਥੀਆਂ ਨੂੰ ਅੱਠਵੀਂ ਦੀ ਪ੍ਰੀਖਿਆ ਦੇ ਆਧਾਰ ਤੇ 10 ਰੁ. ਅਤੇ 20 ਰੁ. ਪ੍ਰਤੀ ਮਹੀਨਾ ਵਜ਼ੀਫਾ ਦਿੱਤਾ ਜਾਂਦਾ ਹੈ।

4. ਮੈਰਿਟ ਸਕਾਲਰਸ਼ਿਪ- ਪੰਜਵੀਂ, ਅੱਠਵੀਂ ਅਤੇ ਦੱਸਵੀਂ ਕਲਾਸ ਦੀਆਂ ਪ੍ਰੀਖਿਆਵਾਂ ਦੇ ਆਧਾਰ ਤੇ ਮੈਰਿਟ ਵਿਚ ਆਉਣ ਵਾਲੇ ਵਿਦਿਆਰਥੀਆਂ ਨੂੰ 15 ਰੁ. ਪ੍ਰਤੀ ਮਹੀਨਾ ਵਜ਼ੀਫਾ ਦਿੱਤਾ ਜਾਂਦਾ ਹੈ।

5. ਰਾਜ ਵਿੱਦਿਅਕ ਭਲਾਈ ਸਕੀਮ ਅਧੀਨ ਐਸ.ਸੀ., ਬੀ.ਸੀ. ਦੇ ਵਿਦਿਆਰਥੀਆਂ ਨੂੰ 6-8 ਕਲਾਸ ਤੱਕ ਲੜਕੀਆਂ ਨੂੰ 40 ਰੁ. ਪ੍ਰਤੀ ਮਹੀਨਾ ਅਤੇ ਲੜਕਿਆਂ ਨੂੰ 30 ਰੁ. ਪ੍ਰਤੀ ਮਹੀਨੇ ਦੇ ਹਿਸਾਬ ਨਾਲ ਦਿੱਤੇ ਜਾਂਦੇ ਹਨ। 9 ਅਤੇ 10 ਦੇ ਵਿਦਿਆਰਥੀਆਂ ਨੂੰ ਫਸਟ ਡਵੀਜ਼ਨ ਲਈ 75 ਰੁ. ਪ੍ਰਤੀ ਮਹੀਨਾ, ਸੈਕੰਡ ਡਵੀਜ਼ਨ ਲਈ 60 ਰੁ. ਪ੍ਰਤੀ ਮਹੀਨਾ ਅਤੇ ਥਰਡ ਡਵੀਜ਼ਨ ਲਈ 50 ਰੁ. ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ ਦਿੱਤੇ ਜਾਂਦੇ ਹਨ।

**ਮਲੀਨ ਧੰਦਾ ਕਰਨ ਵਾਲੇ**

1. ਮਲੀਨ ਧੰਦਾ ਕਰਨ ਵਾਲੇ ਮਾਪਿਆਂ ਦੇ ਬੱਚਿਆਂ ਨੂੰ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪ੍ਰਤੀ ਸਾਲ 600/- ਰੁਪਏ ਅਤੇ ਨੌਵੀਂ ਤੇ ਦਸਵੀਂ ਦੇ ਵਿਦਿਆਰਥੀਆਂ ਨੂੰ ਪ੍ਰਤੀ ਸਾਲ 750- ਰੁਪਏ ਦਿੱਤੇ ਜਾਂਦੇ ਹਨ ਅਤੇ ਅਡਹਾਕ ਗ੍ਰਾਂਟ ਅਧੀਨ ਪ੍ਰਤੀ ਵਿਦਿਆਰਥੀ ਪ੍ਰਤੀ ਸਾਲ 550/- ਰੁਪਏ ਦਿੱਤੇ ਜਾਂਦੇ ਹਨ।

**ਪਬਲਿਕ ਡੀਲਿੰਗ**

1. ਐਜੂਕੇਸ਼ਨ ਕੋਡ ਦੀ ਧਾਰਾ 211 ਅਧੀਨ ਸਕੂਲ ਰਿਕਾਰਡ ਵਿੱਚ ਵਿਦਿਆਰਥੀਆਂ ਦੀ ਜਨਮ ਮਿਤੀ ਦੀ ਸ਼ੋਧ ਆਮ ਹਾਲਤ ਵਿੱਚ ਨਹੀਂ ਹੋ ਸਕਦੀ ਪਰ ਵਿਸ਼ੇਸ਼ ਹਾਲਤ ਵਿਚ ਮੁਕੰਮਲ ਸਬੂਤ ਨਿਰਧਾਰਤ ਸ਼ਰਤਾਂ ਅਧੀਨ ਮੁਕੰਮਲ ਪ੍ਰਾਪਤ ਹੋਏ ਕੇਸ ਮੰਡਲ ਸਿੱਖਿਆ ਅਫ਼ਸਰ ਜਲੰਧਰ ਨੂੰ ਭੇਜੇ ਜਾਂਦੇ ਹਨ। ਜਿਸ ਦੀ ਸੈਟਲਮੈਂਟ ਕਰਨ ਦੀ ਕੋਈ ਨਿਰਧਾਰਤ ਸਮਾਂ ਤੇ ਸੀਮਾ ਨਹੀਂ ਹੁੰਦੀ ਹੈ।

2. ਸਕੂਲ ਰਿਕਾਰਡ ਵਿਚ ਵਿਦਿਆਰਥੀਆਂ ਦੇ ਮਾਤਾ/ਪਿਤਾ ਦੇ ਨਾਮ ਦੀ ਸੋਧ ਵਾਸਤੇ ਸਕੂਲ ਰਾਹੀਂ ਕੇਸ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਵਿਖੇ ਪ੍ਰਾਪਤ ਕੇਸ ਜਿਨ੍ਹਾਂ ਦੇ ਮੁਕੰਮਲ ਸਬੂਤ ਅਤੇ ਦਸਤਾਵੇਜ ਲੱਗੇ ਹੁੰਦੇ ਹਨ ਦੇ ਨਾਵਾਂ ਦੀ ਸੋਧ ਜ਼ਿਲਾ ਪੱਧਰ ਤੇ ਮੰਜ਼ੂਰੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਮੁਕੰਮਲ ਕੇਸਾਂ ਦਾ ਨਿਪਟਾਰਾ ਇਕ ਮਹੀਨੇ ਦੇ ਅੰਦਰ-ਅੰਦਰ ਕੀਤਾ ਜਾਂਦਾ ਹੈ।

3. ਵਿਦੇਸ਼ਾਂ ਵਿਚ ਗਏ/ਜਾਣ ਵਾਲੇ ਵਿਦਿਆਰਥੀਆਂ ਦੇ ਸੈਕੰਡਰੀ ਪੱਧਰ ਦੀ ਪੜ੍ਹਾਈ ਸਬੰਧੀ ਮਾਨਯੋਗ ਡੀ.ਸੀ. ਹੁਸ਼ਿਆਰਪੁਰ ਨੂੰ ਵੈਰੀਫਿਕੇਸ਼ਨ ਲਈ ਪ੍ਰਾਪਤ ਹੋਏ ਸਕੂਲ ਛੱਡਣ ਦੇ ਸਰਟੀਫਿਕੇਟ ਦਾ ਅਸਲ ਰਿਕਾਰਡ ਮੰਗਵਾ ਕੇ ਵੈਰੀਫਾਈ ਕਰਕੇ ਨਿਪਟਾਰਾ 15 ਦਿਨ੍ਹਾਂ ਵਿਚ ਕਰ ਦਿੱਤਾ ਜਾਂਦਾ ਹੈ।

4. ਪੰਜਾਬ ਤੋਂ ਬਾਹਰ ਸੈਕੰਡਰੀ ਕਲਾਸਾਂ ਵਿਚ ਦਾਖਲ ਹੋਏ ਸਕੂਲ ਛੱਡਣ ਦੇ ਸਰਟੀਫਿਕੇਟ ਸਕੂਲਾਂ ਰਾਹੀਂ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਨੂੰ ਪ੍ਰਤੀ ਹਸਤਾਖਰ ਕਰਨ ਲਈ ਪ੍ਰਾਪਤ ਹੁੰਦੇ ਹਨ। ਜਿਨ੍ਹਾਂ ਦਾ ਨਿਪਟਾਰਾ ਇਕ ਦਿਨ ਵਿਚ ਕਰ ਦਿੱਤਾ ਜਾਂਦਾ ਹੈ। ਹਰ ਕੇਸ ਸਕੂਲ ਰਾਹੀਂ ਆਉਣਾ ਲਾਜ਼ਮੀ ਹੁੰਦਾ ਹੈ।

5. ਜ਼ਿਲ੍ਹਾ ਪੱਧਰ ਤੇ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੀ ਪੜਤਾਲ ਕਰਨ ਲਈ ਉਪ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਮਾਰਕ ਕਰ ਦਿੱਤੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਸ਼ਿਕਾਇਤ ਦਾ ਤੁਰੰਤ ਨਿਪਟਾਰਾ ਕਰਨ ਲਈ ਆਦੇਸ਼ ਕੀਤੇ ਜਾਂਦੇ ਹਨ ਅਤੇ ਡਾਇਰੈਕਟੋਰੇਟ ਤੋਂ ਪ੍ਰਾਪਤ ਹੋਈਆਂ ਸ਼ਿਕਾਇਤਾਂ ਦਾ ਨਿਪਟਾਰਾ ਇਕ ਮਹੀਨੇ ਵਿਚ ਕਰ ਦਿੱਤਾ ਜਾਂਦਾ ਹੈ। ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਨੂੰ ਵਿਭਾਗ ਵਲੋਂ ਜੋ ਸ਼ਿਕਾਇਤਾਂ ਪੜਤਾਲ ਕਰਨ ਲਈ ਪ੍ਰਾਪਤ ਹੁੰਦੀਆਂ ਹਨ ਉਨ੍ਹਾਂ ਦਾ ਨਿਪਟਾਰਾ ਵਿਭਾਗ ਵਲੋਂ ਨਿਰਧਾਰਤ ਸਮੇਂ ਵਿਚ ਕਰ ਦਿੱਤਾ ਜਾਂਦਾ ਹੈ।

6. ਜਿਨ੍ਹਾਂ ਮਾਪਿਆਂ ਵਲੋਂ ਬੱਚਿਆਂ ਨੂੰ ਅਡਾਪਟ ਕੀਤਾ ਜਾਂਦਾ ਹੈ ਅਜਿਹੇ ਵਿਦਿਆਰਥੀ ਦੀ ਰਿਕਾਰਡ ਵਿਚ ਲੋੜੀਂਦੀ ਸੋਧ ਦੀ ਪ੍ਰਵਾਨਗੀ ਲਈ ਜੋ ਕੇਸ ਪ੍ਰਾਪਤ ਹੁੰਦੇ ਹਨ ਉਨ੍ਹਾਂ ਦਾ ਨਿਪਟਾਰਾ ਇਸ ਦਫ਼ਤਰ ਵਲੋਂ ਇਕ ਮਹੀਨੇ ਦੇ ਅੰਦਰ-ਅੰਦਰ ਕਰ ਦਿੱਤਾ ਜਾਂਦਾ ਹੈ।